ਦਫਤਰ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ ਹੈਡਕੁਆਟਰਜ਼, ਪੰਜਾਬ
ਵਿਜੀਲੈਂਸ ਭਵਨ, ਸੈਕਟਰ-68, ਐਸ.ਏ.ਐਸ.ਨਗਰ
ਫੋਨ : 0172-2217100-200 (ਕੰਟਰੋਲ ਰੂਮ ਅਤੇ ਫੈਕਸ)


# ਸਰਕੂਲਰ ਨੰਬਰ 2/2019

ਵਿਸ਼ਾ: ਟਰੈਪ ਸਬੰਧੀ ਧਿਆਨ ਰੱਖਣ ਯੋਗ ਜ਼ਰੂਰੀ ਨੁਕਤੇ।

ਵਿਜੀਲੈਂਸ ਬਿਊਰੋ, ਪੰਜਾਬ ਵਿੱਚ ਟਰੈਪ ਕਰਨ ਤੋਂ ਪਹਿਲਾ ਇਹਨਾ ਹੇਠ ਲਿਖੀਆ ਗੱਲਾ ਦਾ ਖਾਸ ਧਿਆਨ ਰੱਖਿਆ ਜਾਂਣਾ ਚਾਹੀਦਾ ਹੈ :-

## I ਟਰੈਪ ਕਰਨ ਤੋ ਪਹਿਲਾਂ ਦੀ ਤਿਆਰੀ।

1. ਸ਼ਿਕਾਇਤਕਰਤਾ ਦੀ ਪਿਛੋਕੜ ਦੀ ਵੈਰੀਫਿਕੇਸ਼ਨ ਕਰਨੀ ਜ਼ਰੂਰੀ ਹੈ।
2.ਰਿਸ਼ਵਤ ਮੰਗਣ ਦਾ ਮੰਤਵ, ਜਿਹੜੇ ਕੰਮ ਲਈ ਪੈਸੇ ਮੰਗ ਰਿਹਾ ਹੈ, ਉਸ ਲਈ ਅਧਿਕਾਰੀ/ਕਰਮਚਾਰੀ ਸਮਰੱਥ ਅਤੇ ਮੰਤਵ ਨਾਲ ਸਬੰਧਤ ਹੋਣਾ ਚਾਹੀਦਾ ਹੈ।
3. ਰਿਸ਼ਵਤ ਦੀ ਰਕਮ ਸ਼ਿਕਾਇਤਕਰਤਾ ਵੱਲੋ ਹੀ ਪ੍ਰਬੰਧ ਕੀਤੀ ਜਾਣੀ ਚਾਹੀਦੀ ਹੈ।
4. ਸ਼ਿਕਾਇਤਕਰਤਾ ਅਤੇ ਗਵਾਹਾਂ ਦੀ ਹਾਜਰੀ ਵਿੱਚ ਰਿਸ਼ਵਤ ਦੇਣ ਦੀ ਰਕਮ/ਨੰਬਰ ਦਰਸ਼ਾ ਕੇ ਇੱਕ ਸੂਚੀ ਤਿਆਰ ਕੀਤੀ ਜਾਵੇ।
5. ਵਿਜੀਲੈਂਸ ਦੀ ਰੇਡਿੰਗ ਟੀਮ ਦੀ ਨਫਰੀ ਦੋਸ਼ੀ ਦੇ ਤਾਇਨਾਤੀ ਦੇ ਰਕਬੇ ਅਤੇ ਉਸ ਦੇ ਅਧੀਨ ਤਾਇਨਾਤ ਕਰਮਚਾਰੀਆਂ ਦੀ ਨਫਰੀ ਅਨੁਸਾਰ ਤਿਆਰ ਕੀਤੀ ਜਾਣੀ ਚਾਹੀਦੀ ਹੈ।
6. ਖਾਨਾ ਤਲਾਸ਼ੀ ਵਾਲੀ ਟੀਮ ਤਿਆਰ ਹੋਣੀ ਚਾਹੀਦੀ ਹੈ, ਜੋ ਦੋਸ਼ੀ ਦੇ ਘਰ/ਬਾਹਰ ਤੈਨਾਤ ਹੋਣੀ ਚਾਹੀਦੀ ਹੈ।
7. ਸ਼ੈਡੋ ਗਵਾਹ ਸਰਕਾਰੀ ਕਰਮਚਾਰੀ ਹੋਣਾ ਚਾਹੀਦਾ ਹੈ ਅਤੇ ਉਸ ਤੇ ਵਿਜੀਲੈਂਸ ਵੱਲੋ ਕੋਈ ਪ੍ਰਭਾਵ ਨਹੀ ਹੋਣਾ ਚਾਹੀਦਾ ਹੈ, ਸਵਤੰਤਰ ਹੋਣਾ ਚਾਹੀਦਾ ਹੈ ਅਤੇ ਇੱਕੋ ਗਵਾਹ ਬਾਰ੍ਬਾਰ ਨਹੀ ਆਉਣਾ ਚਾਹੀਦਾ।
8. ਜਦੋ ਰੇਡ ਕਿਸੇ ਮਹਿਲਾ ਦੇ ਵਿਰੁੱਧ ਹੋਵੇ ਤਾਂ ਰੇਡ ਕਰਨ ਲਈ ਪੜਤਾਲੀਆ ਅਫਸਰ ਦੇ ਨਾਲ ਘੱਟੋ ਘੱਟ ਇੱਕ ਮਹਿਲਾ ਸਿਪਾਹੀ ਵੀ ਨਾਲ ਹੋਣੀ ਜਰੂਰੀ ਹੈ।
9. ਜਿਸ ਦੇ ਖਿਲਾਫ ਟਰੈਪ ਕਰਨਾ ਹੈ, ਗਵਾਹ ਉਸ ਵਿਭਾਗ ਦਾ ਨਾ ਹੋਵੇ।
10. ਗਵਾਹ ਦਾ ਭ੍ਰਿਸ਼ਟ ਕਰਮਚਾਰੀ ਨਾਲ ਕੋਈ ਰਿਸ਼ਤਾ ਨਾ ਹੋਵੇ।
11. ਪੜਤਾਲੀਆ ਅਫਸਰ ਵੱਲੋ ਦੋਸ਼ੀ ਤੇ ਸ਼ਿਕਾਇਤਕਰਤਾ ਵਿਰੁੱਧ ਇੰਨਕੁਆਰੀ ਕਰਦੇ ਸਮੇ ਕੋਈ ਪਹਿਲਾਂ ਤੋ ਮਨ-ਮੁਟਾਵ/ਸਬੰਧ ਨਹੀ ਹੋਣਾ ਚਾਹੀਦਾ।
12. ਗਵਾਹ ਨੂੰ ਉਹ ਭਾਸ਼ਾ ਆਉਣੀ ਜਰੂਰੀ ਹੈ, ਜਿਸ ਵਿੱਚ ਦੋਸ਼ੀ ਅਤੇ ਸ਼ਿਕਾਇਤਰਕਤਾ ਆਪਸ ਵਿੱਚ ਵਾਰਤਾਲਾਪ ਕਰਨ।
13. ਜਗ੍ਹਾ ਅਤੇ ਟਾਇਮ ਤੈਅ ਹੋਣ ਤੋ ਬਾਅਦ, ਗਵਾਹਾਂ ਅਤੇ ਰੇਡਿੰਗ ਪਾਰਟੀ ਨੂੰ ਪੂਰਾ ਸਮਝਾਣਾ ਹੋਏਗਾ ਕਿ ਅਸੈਂਬਲੀ ਕਿਸ ਮੰਤਵ ਲਈ ਰੱਖੀ ਗਈ ਹੈ।
14. ਸ਼ਿਕਾਇਤਕਰਤਾ (ਮੁਦੱਈ) ਨੂੰ ਟਰੈਪ ਪਾਰਟੀ ਅਤੇ ਗਵਾਹਾਂ ਨਾਲ ਮਿਲਾਉਣਾ ਜਰੂਰੀ ਹੈ।
15. ਸ਼ਿਕਾਇਤਕਰਤਾ (ਮੁਦੱਈ) ਟਰੈਪ ਦੌਰਾਨ ਦੋਸ਼ੀ ਨਾਲ ਹੱਥ ਨਾ ਮਿਲਾਵੇ।
16. ਜੋ ਸਮਾਨ ਟਰੈਪ ਕਰਨ ਲਈ ਲੈ ਕੇ ਜਾਣਾ ਜਰੂਰੀ ਹੈ:- (Trap Kit)
   i) ਸੋਡੀਅਮ ਕਾਰਬੋਨੇਟ ਦੀ ਬੋਤਲ
   ii) ਫਿਨੋਲਪੈਥਾਲਿਨ ਪਾਊਡਰ
   iii) ਪਲਾਸਟਿਕ ਗਲਾਸ
   iv) ਪਾਣੀ, ਇੱਕ ਟੰਬਲਰ ਅਤੇ ਲਿਫਾਫਾ
   v) ਕਲੋਥ
   vi) ਸੀਲਿੰਗ ਵੈਕਸ
   vii) ਬ੍ਰਾਸ ਸਟੀਲ
   viii) ਪਿਨਸ
   ix) ਮੈਚ ਬਾਕਸ
   x) ਸੁਈ ਧਾਗਾ
   xi) ਟੈਗ
   xii) ਮੋਮਬੱਤੀ
   xiii) ਆਈ.ਓ ਰਬਰ ਸਟੈਂਪ
   xiv) ਖਾਲੀ ਬੋਤਲ
17. ਫਾਈਲ ਜਿਸ ਵਿੱਚ ਹੇਠ ਅਨੁਸਾਰ ਸਮਾਨ ਹੋਏ :-
   a) ਪੇਪਰ
   b) ਕਾਰਬਨ ਪੇਪਰ
   c) 91 ਸੀ.ਆਰ.ਪੀ.ਸੀ ਦੇ ਹੁਕਮ
   d) 160 ਸੀ.ਆਰ.ਪੀ.ਸੀ ਦੇ ਨੋਟਿਸ
   e) Search u/s 165 ਸੀ.ਆਰ.ਪੀ.ਸੀ ਕਰਨ ਦੇ ਮੰਤਵ/ਅਧਾਰ ਸਬੰਧੀ ਲਿਖਤ

f) ਕੈਮਰਾ, ਆਡਿਓ/ਵੀਡੀਓ ਰਿਕਾਰਡਰ

g) 1 ਲੂੰਗੀ।

18. ਰਿਸ਼ਵਤ ਦੇ ਪੈਸਿਆਂ ਨੂੰ ਪਾਊਡਰ ਲਗਾ ਕੇ ਸ਼ਿਕਾਇਤਕਰਤਾ ਨੂੰ ਦਿੱਤਾ ਜਾਵੇ ਤੇ ਕਿਹਾ ਜਾਵੇ ਕਿ ਇਹ ਪੈਸੇ ਤੂੰ ਦੋਸ਼ੀ ਨੂੰ ਸਿਰਫ ਉਦੋਂ ਹੀ ਦੇਣੇ ਹਨ, ਜਦੋਂ ਉਹ ਮੰਗੇਗਾ।

II ਟਰੈਪ ਤੋ ਪਹਿਲਾਂ ਪੰਚਨਾਮਾ ਦੀ ਤਿਆਰੀ/ਪ੍ਰੀ ਟਰੈਪ ਮੀਮੋ

1.ਪ੍ਰੀ ਟਰੈਪ ਮੈਮੋਰੰਡਮ ਪੂਰਾ ਹੋਣ ਤੋ ਬਾਅਦ, ਟਰੈਪ ਪਾਰਟੀ ਦੇ ਮੈਂਬਰਾਂ, ਸ਼ਿਕਾਇਤਕਰਤਾ ਅਤੇ ਦੋ ਸਵਤੰਤਰ ਗਵਾਹਾਂ ਦੇ ਹਸਤਾਖਰ ਮੌਕੇ ਤੇ ਹੀ ਲੈਣੇ ਬਣਦੇ ਹਨ।

2. ਜੋ ਮੀਮੋ ਤਿਆਰ ਕੀਤਾ ਗਿਆ ਹੈ, ਅਗਰ ਉਹ ਗਵਾਹ ਜਾਂ ਸ਼ਿਕਾਇਤਕਰਤਾ ਨੂੰ ਨਹੀ ਸਮਝ ਆ ਰਿਹਾ ਤਾਂ ਉਹਨਾਂ ਨੂੰ ਉਹਨਾਂ ਦੀ ਭਾਸ਼ਾ ਵਿੱਚ ਸਮਝਾ ਦਿੱਤਾ ਜਾਵੇ ਅਤੇ ਹਸਤਾਖਰ ਕਰਵਾ ਲਏ ਜਾਣ।

3. ਸ਼ਿਕਾਇਤਕਰਤਾ ਨੂੰ ਦੱਸਣਾ ਹੈ ਕਿ ਮੰਗ ਸਮੇ ਪੈਸੇ ਤੁਸੀ ਕਿਸ ਤਰਾਂ ਦੋਸ਼ੀ ਨੂੰ ਦੇਣੇ ਹਨ। ਜਿਵੇਂ ਹੱਥ ਨਹੀ ਮਿਲਾਣਾ, ਰਿਕਾਰਡਰ ਕਮੀਜ ਦੀ ਜੇਬ ਵਿੱਚ ਹੀ ਰੱਖਣਾ ਹੈ, ਰਿਸ਼ਵਤ ਦੇ ਪੈਸਿਆਂ ਨੂੰ ਹੱਥ ਨਹੀ ਲਗਾਉਣਾ, ਸ਼ੱਕੀ ਦੇ ਨੇੜੇ ਜਿੰਨਾਂ ਹੋ ਸਕੇ ਜਾਣ ਤਾਂ ਕਿ ਅਵਾਜ ਸਾਫ ਸੁਣੀ ਜਾ ਸਕੇ।

4. ਘੋਲ ਤਿਆਰ ਕਰਨ ਦਾ ਪਹਿਲਾ ਇੱਕ ਡੇਮੋ ਦਿੱਤਾ ਜਾਵੇਗਾ।

5. ਟਰੈਪ ਸਿਗਨਲ ਨਿਸ਼ਚਿਤ ਕੀਤਾ ਜਾਵੇ।

III ਪ੍ਰੀ-ਟਰੈਪ ਚੈਕ ਲਿਸਟ

1. ਸ਼ਿਕਾਇਤ ਰਜਿਸਟਰ ਵਿੱਚ ਸ਼ਿਕਾਇਤ ਅਤੇ ਸ਼ਿਕਾਇਤ ਨੰਬਰ ਦਰਜ ਹੋਣਾ ਚਾਹੀਦਾ ਹੈ।
2. ਐਸ.ਪੀ ਦੇ ਹੁਕਮ ਜਿਸ ਅਨੁਸਾਰ ਇੱਕ ਅਫਸਰ nominate ਹੋਏਗਾ ਜੋ ਸ਼ਿਕਾਇਤ ਵੈਰੀਫਾਈ ਕਰੇਗਾ
3. ਸ਼ਿਕਾਇਤ ਦੀ ਵੈਰੀਫਿਕੇਸ਼ਨ ਰਿਪੋਰਟ।
4. ਐਸ.ਪੀ ਦੇ ਹੁਕਮ ਅਨੁਸਾਰ:
   (i) ਐਫ.ਆਈ.ਆਰ ਦਰਜ ਕਰਨ ਲਈ ਆਈ.ਓ nominate ਕੀਤਾ ਜਾਏਗਾ। ਮੁੱਦਈ ਜਾਂ ਤਾਂ ਆਪਣੇ ਆਪ ਐਫ.ਆਈ.ਆਰ ਲਿਖੇ ਜਾਂ ਜੇ ਆਈ.ਓ ਐਫ.ਆਰ.ਆਰ ਦਰਜ ਕਰਦਾ ਹੈ ਤਾਂ ਇੰਨ ਬਿੰਨ ਉਸ ਭਾਸ਼ਾ ਵਿੱਚ ਹੀ ਲਿਖੇ ਜਿਸ ਭਾਸ਼ਾ ਵਿੱਚ ਮੁੱਦਈ ਬੋਲ ਰਿਹਾ ਹੈ।
   (ii) ਟਰੈਪ ਦੀ ਟੀਮ ਦੇ ਨਾਲ ਇੱਕ ਟੀਮ ਲੀਡਰ ਵੀ ਜਾਵੇਗਾ।
5. ਐਫ.ਆਈ.ਆਰ ਦਰਜ ਕੀਤੀ ਜਾਏਗੀ।
6. ਸਬੰਧਤ ਬਰਾਂਚ ਵਿੱਚ ਮੁੱਕਦਮਾ ਦਰਜ ਹੋਣ ਦਾ ਇੰਦਰਾਜ ਕੀਤਾ ਜਾਵੇਗਾ।
7. ਸਰਕਾਰੀ ਗਵਾਹ ਹੋਣੇ ਜਰੂਰੀ।
8. ਟਰੈਪ ਕਿੱਟ ਪੂਰੀ ਹੋਣੀ ਜਰੂਰੀ।
9. ਇੱਕ ਅਸੈਂਬਲੀ ਜਿਸ ਵਿੱਚ ਟਰੈਪ ਟੀਮ, ਸ਼ਿਕਾਇਤਕਰਤਾ ਅਤੇ ਗਵਾਹ ਹੋਣੇ ਜਰੂਰੀ ਹਨ।
10. ਸ਼ਿਕਾਇਤਕਰਤਾ ਨਾਲ ਟਰੈਪ ਮਨੀ ਹੋਣੀ ਜਰੂਰੀ ਹੈ।
11. ਉਸ ਤੋ ਬਾਅਦ ਉਸ ਪਾਊਡਰ ਨੂੰ ਨੋਟਾਂ ਤੇ ਲਗਾ ਦਿੱਤਾ ਜਾਵੇਗਾ।
13. ਸ਼ਿਕਾਇਤਕਰਤਾ ਤੋ ਪੈਸੇ ਲੈਣ ਤੋ ਬਾਅਦ ਇੱਕ ਸੁਰੱਖਿਅਤ ਜਗ੍ਹਾ ਤੇ ਰੱਖ ਦਿੱਤੇ ਜਾਣਗੇ।
14. ਪ੍ਰੀ ਟਰੈਪ ਮੈਮੋਰੰਡਮ ਕੇਸ ਦੇ ਨਾਲ ਤਿਆਰ ਹੋਵੇਗਾ।
15. ਟੀ.ਐਲ.ਓ ਵੱਲੋ ਟਰੈਪ ਪਾਰਟੀ ਨੂੰ ਹਦਾਇਤਾਂ ਦਿੱਤੀਆਂ ਜਾਣਗੀਆਂ।
16. ਜਦੋ ਟਰੈਪ ਮਨੀ ਦੋਸ਼ੀ ਨੂੰ ਦਿੱਤੀ ਜਾਏਗੀ ਤਾਂ ਪਹਿਲਾਂ ਨਿਸ਼ਚਿਤ ਕੀਤਾ ਟਰੈਪ ਸਿਗਨਲ ਦੱਸਿਆ ਜਾਵੇਗਾ।
17. ਟਰੈਪ ਪੂਰਾ ਹੋਣ ਤੋ ਬਾਅਦ ਸਭ ਦੇ ਹੱਥ ਸਾਬਣ ਨਾਲ ਧੁਆਏ ਜਾਣਗੇ।
18. ਡਿਜੀਟਲ ਆਡਿਓ/ਵੀਡੀਓ ਰਿਕਾਰਡਰ, ਮਿਨੀ ਟੇਪ ਰਿਕਾਰਡਰ, ਟਰਾਂਸਮਿਟਰ, ਆਡਿਓ ਕੈਸੇਟ, ਵੀਡੀਓ ਕੈਮਰਾ, ਮੋਬਾਈਲ, ਟੈਲੀਫੋਨ, ਇੱਕ ਸਪੀਕਰ ਫੋਨ ਟਰੈਪ ਕਰਨ ਲਈ ਨਾਲ ਹੋਣਾ ਜਰੂਰੀ ਹੈ।
19. ਜਦੋ ਰੇਡ ਕਰਨ ਜਾਣ ਤਾਂ ਨਾਲ ਵੀਡੀਓ ਰਿਕਾਰਡਿੰਗ ਵਾਲੇ ਜਰੂਰ ਹੋਣੇ ਚਾਹੀਦੇ ਹਨ ਤਾਂ ਜੋ ਮੌਕੇ ਤੇ ਦੋਸ਼ੀ ਦੇ ਹਾਵ-ਭਾਵ ਨੋਟ ਕਰੇ ਜਾ ਸਕਣ।
20. ਆਡਿਓ ਰਿਕਾਰਡਿੰਗ ਵਿੱਚ ਅਵਾਜ ਬਿਲਕੁਲ ਸਾਫ ਪਤਾ ਲੱਗੇ ਇਸ ਲਈ 2 ਜਾਂ 3 ਆਡਿਓ ਰਿਕਾਰਡਰ ਹੋਣੇ ਜਰੂਰੀ ਹਨ।
21. ਇੱਕ ਐਡੀਸ਼ਨਲ ਗਵਾਹ ਅਤੇ ਵਿਜੀਲੈਂਸ ਬਿਊਰੋ ਦੇ ਅਫਸਰ ਸੋਰਟ ਨੋਟਿਸ ਤੇ ਸਰਚ ਕਰਨ ਲਈ ਮੌਜੂਦ ਹੋਣੇ ਚਾਹੀਦੇ ਹਨ।

IV ਭ੍ਰਿਸ਼ਟ ਕਰਮਚਾਰੀ ਦੇ ਟਰੈਪ ਸਮੇਂ 2 ਅਫਸਰਾਂ ਨੂੰ ਚੌਕਸੀ ਬਿਊਰੋ ਦੀ ਰੇਡਿੰਗ ਪਾਰਟੀ ਵਿੱਚ ਸ਼ਾਮਲ ਕੀਤਾ ਜਾਵੇ ਭਾਵੇਂ ਕਿ ਭ੍ਰਿਸ਼ਟ ਕਰਮਚਾਰੀ ਜਿਸ ਤੇ ਟਰੈਪ ਕੀਤਾ ਜਾਣਾ ਹੈ, ਉਹ ਗਰੁੱਪ ਡੀ ਸੇਵਾ ਦਾ ਕਰਮਚਾਰੀ ਹੀ ਕਿਉਂ ਨਾ ਹੋਵੇ।

V ਰੇਡ ਮੁਕੰਮਲ ਕਰਨ ਤੋ ਬਾਅਦ ਜਦੋਂ ਪੁਲਿਸ ਰਿਮਾਂਡ ਖਤਮ ਹੋ ਜਾਵੇ ਤਾਂ ਅਲੱਗ ਤਫਤੀਸ਼ੀ ਅਫਸਰ ਨਿਯੁਕਤ ਕੀਤਾ ਜਾਵੇਗਾ।

VI ਜਿਹੜਾ ਵੀ ਪੜਤਾਲੀਆ ਅਫਸਰ ਪੜਤਾਲ ਕਰੇਗਾ, ਉਹ ਮੁੱਢ ਤੋ ਅਖੀਰ ਤੱਕ ਸਾਰੇ ਦੋਸ਼, ਬਿਆਨ, ਸ਼ਹਾਦਤ ਨਿਰਪੱਖ ਤਰੀਕੇ (impartial) ਨਾਲ ਵੈਰੀਫਾਈ ਕਰਨ ਉਪਰੰਤ ਇਕੱਤਰ ਕਰੇਗਾ।

VII ਤਫਤੀਸ਼ ਦੋਰਾਨ ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਸ਼ਿਕਾਇਤਕਰਤਾ ਹੀ ਦੋਸ਼ੀ ਨਾਲ ਮਿਲ ਨਾ ਜਾਵੇ ਤੇ ਆਪਸ ਵਿੱਚ ਹੀ ਸੁਲਾਹ ਨਾ ਕਰ ਲੈਣ। ਇਸ ਸਬੰਧੀ ਜੋ ਜਰੂਰੀ ਕਦਮ ਮੁਨਾਸਬ ਹੋਣ, ਲਏ ਜਾਣ।

VIII ਸਾਰਾ ਟਰੈਪ ਮੁਕੰਮਲ ਹੋਣ ਤੋ ਬਾਅਦ ਹਾਲਾਤਾਂ ਦੇ ਸਨਮੁੱਖ ਅਗਰ ਸੰਭਵ ਹੋਵੇ ਤਾਂ 164 ਸੀ.ਆਰ.ਪੀ.ਸੀ ਅਧੀਨ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

19. ਗਵਾਹਾਂ ਨੂੰ ਮੁਕਰਨ ਤੋਂ ਰੋਕਣ ਲਈ

1. ਸ਼ੈਡੋ ਗਵਾਹ ਸਰਕਾਰੀ ਕਰਮਚਾਰੀ ਹੋਣਾ ਚਾਹੀਦਾ ਹੈ।
2. ਜਿਸ ਦੋਸ਼ੀ ਦੇ ਖਿਲਾਫ ਟਰੈਪ ਕਰਨਾ ਹੈ, ਸਰਕਾਰੀ ਗਵਾਹ ਉਸ ਵਿਭਾਗ ਦਾ ਨਾਂ ਹੋਵੇ।
3. ਟਰੈਪ ਦੀ ਸਾਰੀ ਪ੍ਰੀਕਿਰਿਆ ਦੀ ਵੀਡੀਓ ਰਿਕਾਰਡਿੰਗ ਹੋਣੀ ਚਾਹੀਦੀ ਹੈ।
4. ਭ੍ਰਿਸ਼ਟ ਕਰਮਚਾਰੀ ਦੇ ਟਰੈਪ ਸਮੇਂ 2 ਗਜਟਿਡ ਅਫਸਰਾਂ ਨੂੰ ਚੌਕਸੀ ਬਿਊਰੋ ਦੀ ਰੇਡਿੰਗ ਪਾਰਟੀ ਵਿੱਚ ਸ਼ਾਮਲ ਕੀਤਾ ਜਾਵੇ ਭਾਵੇ ਕਿ ਭ੍ਰਿਸ਼ਟ ਕਰਮਚਾਰੀ ਜਿਸ ਤੇ ਟਰੈਪ ਕੀਤਾ ਜਾਣਾ ਹੈ, ਉਹ ਗਰੁੱਪ ਡੀ ਸੇਵਾ ਦਾ ਕਰਮਚਾਰੀ ਵੀ ਕਿਉਂ ਨਾ ਹੋਵੇ।
5. ਜਿਹੜੇ ਸਰਕਾਰੀ ਗਵਾਹ ਚੌਕਸੀ ਬਿਊਰੋ ਦੀ ਰੇਡਿੰਗ ਪਾਰਟੀ ਨਾਲ ਜਾਂਦੇ ਹਨ, ਉਹ ਭ੍ਰਿਸ਼ਟ ਕਰਮਚਾਰੀ ਤੇ ਟਰੈਪ ਕਰਨ ਉਪਰੰਤ ਪੂਰੇ ਵਾਕਿਆ ਦੀ ਰਿਪੋਰਟ ਟਰੈਪ ਵਾਲੇ ਦਿਨ ਹੀ ਆਪਣੇ ਉਸ ਅਧਿਕਾਰੀ ਨੂੰ ਪੇਸ਼ ਕਰਨਗੇ, ਜਿਸ ਅਧਿਕਾਰੀ ਵੱਲੋ ਉਸਨੂੰ ਚੌਕਸੀ ਬਿਊਰੋ ਦੀ ਰੇਡਿੰਗ ਪਾਰਟੀ ਨਾਲ ਡਿਪਿਊਟ ਕੀਤਾ ਜਾਂਦਾ ਹੈ।
6. ਸਾਰਾ ਟਰੈਪ ਮੁਕੰਮਲ ਹੋਣ ਤੇ ਬਾਅਦ ਤੁਰੰਤ ਮੁੱਦਈ ਅਤੇ ਸ਼ੈਡੋ ਗਵਾਹ ਦੇ ਬਿਆਨ ਅ/ਧ 164 (5) ਸੀ.ਆਰ.ਪੀ.ਸੀ ਤਹਿਤ under oath ਦਰਜ ਕਰਵਾਏ ਜਾਣੇ ਚਾਹੀਦੇ ਹਨ।
7. ਵਿਜੀਲੈਂਸ ਬਿਊਰੋ ਦੇ ਮੁੱਕਦਮਿਆਂ ਦੀ ਮਾਨਯੋਗ ਅਦਾਲਤ ਵਿੱਚ ਪੈਰਵੀ ਕਰਨ ਲਈ ਘੱਟ ਤੋ ਘੱਟ ਇੰਸਪੈਕਟਰ ਰੈਂਕ ਦਾ ਅਧਿਕਾਰੀ ਪੈਰਵੀ ਅਫਸਰ ਹੋਣਾ ਚਾਹੀਦਾ ਹੈ।
8. ਸਬੰਧਤ ਐਸ.ਐਸ.ਪੀਜ਼/ਵਬ ਨੂੰ ਖੁਦ ਆਪਣੀ ਨਿਗਰਾਨੀ ਹੇਠ ਮੁੱਦਈ ਮੁਕਦੱਮਾਂ ਅਤੇ ਸ਼ੈਡੋ ਗਵਾਹ ਦੀ ਗਵਾਹੀ ਕੇਸ ਦੇ ਤੱਥਾਂ ਅਨੁਸਾਰ ਅਦਾਲਤਾਂ ਵਿੱਚ ਕਰਵਾਉਣਾ ਯਕੀਨੀ ਬਨਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ।
9. ਸ਼ਿਕਾਇਤਕਰਤਾ ਆਪਣੀ ਸ਼ਿਕਾਇਤ ਖੁਦ ਆਪਣੀ ਭਾਸ਼ਾ ਵਿੱਚ ਲਿਖੇਗਾ ਜੇਕਰ ਆਈ.ਓ. ਸ਼ਿਕਾਇਤ ਲਿੱਖ ਰਿਹਾ ਹੈ ਤਾਂ ਉਹ ਸ਼ਿਕਾਇਤਕਰਤਾ ਦੀ ਉਹੀ ਭਾਸ਼ਾ ਵਿੱਚ ਲਿਖੇ ਜਿਸ ਵਿੱਚ ਉਹ ਬੋਲ ਰਿਹਾ ਹੈ।
10. ਸ਼ਿਕਾਇਤ ਲਿਖੇ ਜਾਣ ਤੇ ਬਾਅਦ ਉਹ ਖੁਦ ਸ਼ਿਕਾਇਤ ਪੜਕੇ ਸੁਣਾਏਗਾ ਅਤੇ ਉਸ ਦੀ ਆਡੀਓ/ਵੀਡਿਓ ਬਣਾਈ ਜਾਏਗੀ।

ਸਹੀ/-
ਬੀ.ਕੇ.ਉਪਲ, ਆਈ.ਪੀ.ਐਸ,
ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।

ਨੰਬਰ 25796-810/ਵਬ/ਐਸ-3 ਮਿਤੀ 10/5/19

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
2. ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਸ ਬਿਊਰੋ, ਪੰਜਾਬ।
3. ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ, ਵਿਜੀਲੈਸ ਬਿਊਰੋ, ਪੰਜਾਬ।
4. ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਸ ਬਿਊਰੋ, ਪੰਜਾਬ।
5. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਸ ਬਿਊਰੋ, ਪੰਜਾਬ।
6. ਸੰਯੁਕਤ ਡਾਇਰੈਕਟਰ/ਪ੍ਰਸ਼ਾਸਨ, ਵਿਜੀਲੈਸ ਬਿਊਰੋ, ਪੰਜਾਬ।
7. ਸੰਯੁਕਤ ਡਾਇਰੈਕਟਰ/ਕਰਾਈਮ, ਵਿਜੀਲੈਸ ਬਿਊਰੋ, ਪੰਜਾਬ।
8. ਸੰਯੁਕਤ ਡਾਇਰੈਕਟਰ/ਆਈ.ਵੀ.ਸੀ ਅਤੇ ਐਸ.ਯੂ, ਵਿਜੀਲੈਸ ਬਿਊਰੋ, ਪੰਜਾਬ।
9. ਸੰਯੁਕਤ ਡਾਇਰੈਕਟਰ/ਪ੍ਰਾਸੀਕਿਉਸ਼ਨ, ਵਿਜੀਲੈਸ ਬਿਊਰੋ, ਪੰਜਾਬ।
10. ਸਹਾਇੱਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਅ:ਅ:ਸਾਖਾ, ਪੰਜਾਬ।
11. ਸਹਾਇਕ ਇੰਸਪੈਕਟਰ ਜਨਰਲ ਪੁਲਿਸ-2, ਅ.ਅ.ਸ਼ਾਖਾ, ਵਿਜੀਲੈਂਸ ਬਿਊਰੋ, ਪੰਜਾਬ।
12. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ।
13. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਹੈਡਕੁਆਰਟਰ, ਵਿਜੀਲੈਂਸ ਬਿਊਰੋ, ਪੰਜਾਬ।
14. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਅੰਮ੍ਰਿਤਸਰ।
15. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਜਲੰਧਰ।
16. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਲੁਧਿਆਣਾ।
17. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ।
18. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਫਿਰੋਜਪੁਰ।
19. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਬਠਿੰਡਾ।
20. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਐਸ.ਏ.ਐਸ ਨਗਰ।
21. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਅ:ਅ:ਸਾਖਾ, ਲੁਧਿਆਣਾ।
22. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਪੰਜਾਬ।
23. ਸਟਾਫ ਅਫਸਰ-ਟੂ- ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।

ਡਾਇਰੈਕਟਰ, 10-05-2019
ਵਿਜੀਲੈਂਸ ਬਿਊਰੋ, ਪੰਜਾਬ।